# ਭਗਤ ਨਾਮਦੇਵ - ਸਬਦ ੪੬

## ਸੰਡਾ ਮਰਕਾ ਜਾਇ ਪੁਕਾਰੇ ॥

ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੫

ਸੰਡਾ ਮਰਕਾ ਜਾਇ ਪੁਕਾਰੇ ॥
ਪੜੈ ਨਹੀ ਹਮ ਹੀ ਪਚਿ ਹਾਰੇ ॥
ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥
ਰਾਮ ਨਾਮਾ ਜਪਿਬੋ ਕਰੈ ॥
ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥
ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥
ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥
ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥
ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥
ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥
ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥
ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥
ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥੫॥੩॥੯॥

ਸਾਰ: ਜਾਗ੍ਰਿਤ ਆਤਮ-ਚਿੰਤਨ ਵਿਚ ਮੁਕਤੀ ਕਿਸੇ ਦੂਰ ਬੈਠੀ ਸਤਾ ਵੱਲੋਂ ਦਿੱਤੀ ਜਾਣ ਵਾਲੀ ਦਾਤ ਨਹੀਂ ਹੁੰਦੀ; ਸਗੋਂ ਇਹ ਤਾਂ ਉਹ ਅੰਤਰੀਵੀ ਅਵਸਥਾ ਹੁੰਦੀ ਹੈ, ਜੋ ਆਪਣੇ ਅੰਦਰ ਵਸਦੇ ਸਤਿ ਨੂੰ ਪਛਾਣਨ ਨਾਲ ਪ੍ਰਗਟ ਹੁੰਦੀ ਹੈ। ਜਦੋਂ ਮਨ ਹਉਮੈਂ, ਮੋਹ ਅਤੇ ਅਲਿਹਦਗੀ ਦੇ ਭਰਮ ਤੋਂ ਮੁਕਤ ਹੋ ਜਾਂਦਾ ਹੈ, ਤਾਂ ਉਹ ਉਸ ਏਕਮਤਾ ਪ੍ਰਤੀ ਜਾਗਰੂਕ ਹੋ ਜਾਂਦਾ ਹੈ, ਜੋ ਸਮੁੱਚੀ ਹੋਂਦ ਦਾ ਅਧਾਰ ਹੈ। ਜਾਗਰੂਕਤਾ ਦੀ ਇਸ ਅਵਸਥਾ ਵਿਚ ਆਜ਼ਾਦੀ ਕਿਸੇ ਬਾਹਰੀ ਸਤਾ ਤੋਂ ਪ੍ਰਾਪਤ ਨਹੀਂ ਹੁੰਦੀ, ਸਗੋਂ ਇਸ ਦੀ ਭਾਲ ਨਿੱਜ ਘਰ ਵਿਚੋਂ ਹੀ ਹੁੰਦੀ ਹੈ। ਇਹ ਸਪਸ਼ਟਤਾ, ਪ੍ਰਮਾਣਿਕਤਾ ਅਤੇ ਇਕਸੁਰਤਾ ਦੀ ਉਹ ਸੁਭਾਵਕ ਅਵਸਥਾ ਹੈ, ਜੋ ਉਸ ਵੇਲੇ ਪ੍ਰਗਟ ਹੁੰਦੀ ਹੈ ਜਦੋਂ ਮਨੁੱਖ ਦਾ ਜੀਵਨ ਉਸ ਦੇ ਅੰਦਰਲੇ ਸੱਚ ਨਾਲ ਇਕਸੁਰ ਹੋ ਜਾਂਦਾ ਹੈ।

ਸੰਡਾ ਮਰਕਾ ਜਾਇ ਪੁਕਾਰੇ ॥

ਸੰਡਾ ਅਤੇ ਮਰਕਾ ਨੇ ਜਾ ਸ਼ਿਕਾਇਤ ਕੀਤੀ। ਭਗਤ ਪ੍ਰਹਿਲਾਦ ਦੇ ਅਧਿਆਪਕਾਂ ਦਾ ਇਹ ਹਵਾਲਾ ਉਸ ਮਨੋਬਿਰਤੀ ਨੂੰ ਦਰਸਾਉਂਦਾ ਹੈ, ਜੋ ਰੂਹਾਨੀ ਮਾਰਗ ਤੋਂ ਭਟਕ ਜਾਂਦੀ ਹੈ ਅਤੇ ਜਦੋਂ ਉਸ ਦੀ ਕੋਈ ਵੀ ਆਸ ਪੂਰੀ ਨਹੀਂ ਹੁੰਦੀ, ਤਾਂ ਉਹ ਰੱਖਿਆਤਮਕ ਪ੍ਰਤੀਕਿਰਿਆ ਕਰਦੀ ਹੈ।

ਪੜੈ ਨਹੀ ਹਮ ਹੀ ਪਚਿ ਹਾਰੇ ॥

ਉਹ ਸਾਡੇ ਦੁਆਰਾ ਪੜ੍ਹਾਇਆ ਪਾਠ ਨਹੀਂ ਪੜ੍ਹਦਾ; ਉਸ ਨੂੰ ਸਮਝਾਉਂਦੇ-ਸਮਝਾਉਂਦੇ ਅਸੀਂ ਥੱਕ ਗਏ ਹਾਂ। ਇਹ ਭਾਵ ਸਚਿਆਰ ਅੰਤਰ-ਆਤਮਾ ਬਾਰੇ ਦਰਸਾਉਂਦਾ ਹੈ, ਜੋ ਨਿੱਜੀ ਹਿੱਤ ਕਾਰਣ ਅੰਤਰੀਵੀ ਦਿਆਨਤਦਾਰੀ ਨਾਲ ਸਮਝੌਤਾ ਕਰਨ ਦਾ ਵਿਰੋਧ ਕਰਦੀ ਹੈ।

ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥੧॥

ਉਹ ਤਾੜੀਆਂ ਵਜਾ ਕੇ ਸਰਬ-ਵਿਆਪਕ ਸੱਚ ਦਾ ਗੁਣਗਾਨ ਕਰਦਾ ਹੈ ਅਤੇ ਉਸ ਨੇ ਦੂਸਰੇ ਵਿਦਿਆਰਥੀਆਂ ਨੂੰ ਵੀ ਆਪਣੇ ਰੰਗ ਵਿਚ ਰੰਗ ਦਿੱਤਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਕਾਰਾਤਮਕ ਵਿਚਾਰ ਪਸਰਨ ਦੀ ਸਮਰੱਥਾ ਰੱਖਦੇ ਹਨ; ਜੋ ਖ਼ੁਦ ਅਤੇ ਹੋਰਨਾਂ ਦੀ ਅੰਤਰ-ਆਤਮਾ ਨੂੰ ਵੀ ਜਾਗਰੂਕ ਕਰ ਸਕਦੇ ਹਨ। (੧)

ਰਾਮ ਨਾਮਾ ਜਪਿਬੋ ਕਰੈ ॥

ਸਰਬ-ਵਿਆਪਕ ਸੱਚ ਦਾ ਨਿਰੰਤਰ ਪ੍ਰਗਟਾਵਾ ਕਰਦਾ ਰਹਿੰਦਾ ਹੈ। ਇਹ ਭਾਵ ਅਜਿਹੀ ਅਡੋਲ ਜਾਗਰੂਕਤਾ ਵੱਲ ਸੰਕੇਤ ਕਰਦਾ ਹੈ, ਜੋ ਬਾਹਰੀ ਹਾਲਾਤਾਂ ਦੁਆਰਾ ਪੈਦਾ ਕੀਤੀ ਭਟਕਣਾਂ ਦੇ ਬਾਵਜੂਦ ਵੀ ਅਡੋਲ ਰਹਿੰਦੀ ਹੈ।

ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥

ਅੰਤਰ-ਆਤਮਾ ਵਿਚ ਸਰਬ-ਵਿਆਪਕ ਸਤਾ ਦਾ ਚਿੰਤਨ ਚਲਦਾ ਰਹਿੰਦਾ ਹੈ। ਇਹ ਭਾਵ ਉਸ ਏਕਮਤਾ ਦਾ ਪ੍ਰਤੀਕ ਹੈ, ਜੋ ਕੇਵਲ ਬਾਹਰੀ ਦਿਖਾਵਾ ਨਾ ਹੋ ਕੇ ਵਿਵਹਾਰਕ ਜਾਗਰੂਕਤਾ ਦੇ ਰੂਪ ਵੱਜੋਂ ਜੀਵਨ ਵਿਚ ਨਿਰੰਤਰ ਧਾਰਨ ਕੀਤੀ ਜਾਂਦੀ ਹੈ। (੧)(ਠਹਿਰਾਉ)

ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥

ਸਾਰੇ ਹੁਕਮਰਾਨ ਉਸ ਦੇ ਵੱਸ ਹੋ ਗਏ ਹਨ ਅਤੇ ਮਹਾਰਾਣੀ ਨੇ ਬੇਨਤੀ ਕੀਤੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈਂ ਕਿਵੇਂ ਅੰਤਰੀਵੀ ਕੋਮਲਤਾ ਉੱਤੇ ਹਾਵੀ ਹੋ ਕੇ ਡਰ ਪੈਦਾ ਕਰਦੀ ਹੈ ਅਤੇ ਨਿਰਬਲਤਾ ਦਾ ਕਾਰਣ ਬਣਦੀ ਹੈ।

ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥੨॥

ਪਰ ਉਸ ਦੇ ਪੁੱਤਰ ਪ੍ਰਹਿਲਾਦ ਨੇ ਉਸ ਦੇ ਕਹੇ ਨੂੰ ਸਵੀਕਾਰ ਨਾ ਕੀਤਾ; ਉਸ ਨੇ ਇਕ ਵੱਖਰਾ ਮਾਰਗ ਚੁਣਨ ਦਾ ਦ੍ਰਿੜ੍ਹ ਇਰਾਦਾ ਕੀਤਾ। ਇਹ ਭਾਵ ਦਰਸਾਉਂਦਾ ਹੈ ਕਿ ਸਤਿ ਬਾਹਰੀ ਦਬਾਵਾਂ ਦੀ ਥਾਂ ਅੰਤਰੀਵੀ ਦਿਆਨਤਦਾਰੀ ਨੂੰ ਪ੍ਰਥਾਮਿਕਤਾ ਦਿੰਦਾ ਹੈ, ਭਾਵੇਂ ਇਹ ਦਬਾਅ ਸਤਾਧਾਰੀ ਧਿਰ, ਪਰਿਵਾਰ, ਸਮਾਜ ਜਾਂ ਧਾਰਮਿਕ ਅਕਾਂਖਿਆਂ ਦਾ ਹੀ ਕਿਉਂ ਨਾ ਹੋਵੇ। (੨)

ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥

ਦੁਸ਼ਟਾਂ ਦੀ ਸਭਾ ਇਕੱਤਰ ਹੋ ਸਾਜ਼ਿਸ਼ਾਂ ਰਚਣ ਲੱਗੀ। ਇਹ ਭਾਵ ਉਸ ਰੱਖਿਆਤਮਕ ਹਉਮੈਂ ਦਾ ਪ੍ਰਤੀਕ ਹੈ, ਜੋ ਜਾਗ੍ਰਿਤ ਅੰਤਹਕਰਣ ਤੋਂ ਖ਼ਤਰਾ ਮਹਿਸੂਸ ਕਰਦੀ ਹੈ ਅਤੇ ਬਿਬੇਕਹੀਨ ਵਿਚਾਰਾਂ ਅਤੇ ਮਨਸੂਬਿਆਂ ਦਾ ਸਹਾਰਾ ਲੈਂਦੀ ਹੈ।

ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥

ਉਸ ਨੂੰ ਡਰਾਉਣ ਲਈ ਪਹਾੜ ਤੋਂ ਪਾਣੀ ਵਿਚ ਸੁੱਟਿਆ ਗਿਆ ਅਤੇ ਫਿਰ ਡਰਾਉਣ ਲਈ ਅੱਗ ਵਿਚ ਸੁੱਟ ਦਿੱਤਾ ਗਿਆ, ਪਰ ਸਰਬ-ਵਿਆਪਕ ਚੇਤਨਾ ਨੇ ਚੁਫ਼ੇਰੇ ਭਰਮ ਪੈਦਾ ਕਰ ਦਿੱਤਾ। ਇਹ ਭਾਵ ਮਨ ਦੀ ਉਸ ਸਮਰੱਥਾ ਨੂੰ ਦਰਸਾਉਂਦਾ ਹੈ, ਜਿਹੜੀ ਬਾਹਰੀ ਸਦਮਿਆਂ ਦੇ ਪ੍ਰਭਾਵ ਤੋਂ ਮੁਕਤ ਹੁੰਦੀ ਹੈ। (੩)

ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥
ਤੇਗ਼ ਖਿੱਚ, ਮੌਤ ਵਰਗੀ ਦਹਾੜ ਨਾਲ ਗਰਜਿਆ, "ਦੱਸ, ਤੈਨੂੰ ਬਚਾਉਣ ਵਾਲਾ ਕੌਣ ਹੈ?" ਇਹ ਭਾਵ ਹਉਮੈਂ ਦੀ ਉਸ ਧੌਂਸ ਨੂੰ ਦਰਸਾਉਂਦਾ ਹੈ, ਜਦੋਂ ਅੰਤਰੀਵੀ ਅਡੋਲਤਾ ਸਮਰਪਣ ਨਹੀਂ ਕਰਦੀ ਤਾਂ ਇਹ ਆਪਣੇ ਤੋਂ ਵੱਡੀ ਸਤਾ ਕੋਲੋਂ ਸਬੂਤ ਦੀ ਮੰਗ ਕਰਦੀ ਹੈ।

ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥
ਸਰਬ-ਵਿਆਪਕ ਸਤਾ, ਜੋ ਤਿੰਨਾਂ ਲੋਕਾਂ ਦੀ ਮਾਲਕ ਹੈ, ਥੰਮ੍ਹ ਵਿਚੋਂ ਬੋਲਦੀ ਹੈ। ਥੰਮ੍ਹ ਦਾ ਇਹ ਦ੍ਰਿਸ਼ਟਾਂਤ ਰੂਹਾਨੀ ਤੌਰ 'ਤੇ ਨਿਰਜ਼ਿੰਦ ਅੰਤਰ-ਆਤਮਾ ਦਾ ਪ੍ਰਤੀਕ ਹੈ, ਜੋ ਚੇਤਨਾ ਦਾ ਆਸਰਾ ਮਿਲਣ 'ਤੇ ਸੱਚ ਦਾ ਪ੍ਰਗਟਾਵਾ ਕਰਨ ਲੱਗ ਪੈਂਦੀ ਹੈ। (੪)

ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥
ਜਿਸ ਸਤਾ ਨੇ ਆਪਣੇ ਨੂੰਹਾਂ ਨਾਲ ਹਰਨਾਖਸ਼ ਨੂੰ ਪਾੜ ਦਿੱਤਾ, ਉਸ ਨੇ ਦੈਵੀ ਅਤੇ ਆਮ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ। ਇਹ ਭਾਵ ਦਰਸਾਉਂਦਾ ਹੈ ਕਿ ਬਿਬੇਕ ਰਾਹੀਂ ਹਉਮੈਂ ਦਾ ਨਾਸ ਹੁੰਦਾ ਹੈ, ਜਿਸ ਨਾਲ ਅੰਤਰ-ਆਤਮਾ ਅਤੇ ਬਾਹਰੀ ਜੀਵਨ ਦੋਹਾਂ ਵਿਚ ਮੁੜ ਸੁਰੱਖਿਆ ਅਤੇ ਸ਼ਾਂਤੀ ਸਥਾਪਿਤ ਹੋ ਜਾਂਦੀ ਹੈ।

ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ ॥੫॥੩॥੯॥
ਨਾਮਦੇਵ ਆਖਦੇ ਹਨ ਕਿ ਉਹ ਨਰਹਰਿ, ਉਸ ਸਰਬ-ਵਿਆਪਕ ਚੇਤਨਾ ਦਾ ਚਿੰਤਨ ਕਰਦੇ ਹਨ, ਜੋ ਨਿਰਭੈ ਅਵਸਥਾ ਨੂੰ ਵਿਕਸਿਤ ਕਰਦੀ ਹੈ। ਇਹ ਭਾਵ ਧਰਮਮਈ ਨਿਰਭੈਤਾ ਵੱਲ ਸੰਕੇਤ ਕਰਦਾ ਹੈ, ਜਿਸ ਵਿਚ ਰੂਹਾਨੀ ਕਿਰਪਾ ਅੰਤਰ-ਆਤਮਾ ਨੂੰ ਡਰ, ਅਨਿਆਂ ਅਤੇ ਵਿਰੋਧੀ ਹਾਲਾਤਾਂ ਦੇ ਸਾਹਮਣੇ ਅਡੋਲ ਰਹਿਣ ਦੀ ਸਮਰੱਥਾ ਪ੍ਰਦਾਨ ਕਰਦੀ ਹੈ। (੫)(੩)(੯)

ਤੱਤ: ਭਗਤ ਨਾਮਦੇਵ, ਭਗਤ ਪ੍ਰਹਿਲਾਦ ਅਤੇ ਉਸ ਦੇ ਅਹੰਕਾਰੀ ਪਿਤਾ ਹਰਨਾਖਸ਼ ਦੀ ਕਥਾ ਰਾਹੀਂ ਇਕ ਗੂੜ੍ਹ ਸੰਦੇਸ਼ ਪ੍ਰਗਟ ਕਰਦੇ ਹਨ। ਦ੍ਰਿਸ਼ਟਾਂਤਿਕ ਤੌਰ ਉਹ ਸਾਡੇ ਅੰਤਰੀਵੀ ਟਕਰਾਰ ਨੂੰ ਦਰਸਾਉਂਦੇ ਹਨ, ਜੋ ਸਾਡੀ ਨਿਯੰਤਰਕਾਰੀ ਹਉਮੈਂ ਅਤੇ ਜਾਗ੍ਰਿਤ ਅੰਤਹਕਰਣ ਵਿਚ ਚੱਲ ਰਿਹਾ ਹੈ। ਇਸ ਵਿਚ ਹਰਨਾਖਸ਼

ਸਾਡੀ ਹਉਮੈਂ ਅਤੇ ਪ੍ਰਹਿਲਾਦ ਜਾਗ੍ਰਿਤ ਅੰਤਰ-ਆਤਮਾ ਦਾ ਪ੍ਰਤੀਕ ਹੈ। ਉਹ ਸੰਕੇਤ ਕਰਦੇ ਹਨ ਕਿ ਹਉਮੈਂ ਆਤਮਿਕ ਸੱਚ ਦੀ ਪ੍ਰਾਪਤੀ ਨੂੰ ਰੋਕਣ ਲਈ ਹਰ ਸੰਭਵ ਯਤਨ ਕਰਦੀ ਹੈ। ਅਜਿਹੇ ਸਮੇਂ ਨਰਹਰਿ, ਰੁਪਾਂਤ੍ਰਿਤ ਚੇਤਨਾ ਦੇ ਰੂਪ ਵਜੋਂ ਪ੍ਰਗਟ ਹੁੰਦਾ ਹੈ, ਜੋ ਕੱਟੜ, ਅਹੰਕਾਰੀ ਮਨੋਬਿਰਤੀ ਦਾ ਅੰਤ ਕਰ ਦਿੰਦਾ ਹੈ। ਇਹ ਜਾਗਰੂਕਤਾ ਸਾਨੂੰ ਆਪਣੇ ਅਸਲ ਸਰੂਪ ਨਾਲ ਜੁੜੇ ਨਿਰਭੈ ਪਦ ਤੱਕ ਲੈ ਜਾਂਦੀ ਹੈ ਅਤੇ ਆਪਣੀ ਅੰਤਰੀਵੀ ਮੂਲ ਨੇਕਤਾ ਨੂੰ ਸਹਿਜ ਰੂਪ ਵਿਚ ਅਪਣਾਉਣ ਦੀ ਸਮਰੱਥਾ ਪ੍ਰਦਾਨ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: OnenessInDiversity.com

ਈਮੇਲ: **onenessindiversityfoundation@gmail.com**